# ਪੰਜਾਬ ਵਿੱਚ ਔਰਤਾਂ ਵਿਰੁੱਧ ਹਿੰਸਾ

## ਸੁਖਵੰਤ ਹੁੰਦਲ

ਜੁਲਾਈ/ਅਗਸਤ 2007 ਦੇ ਵਤਨ ਵਿੱਚ ਅਸੀਂ ਕੈਨੇਡਾ ਵਿੱਚ ਪੰਜਾਬੀ ਔਰਤਾਂ ਨਾਲ ਪਰਿਵਾਰਾਂ ਵਿੱਚ ਵਾਪਰਦੀ ਹਿੰਸਾ ਬਾਰੇ "ਇੰਡੋ-ਕੈਨੇਡੀਅਨ ਔਰਤਾਂ ਦੇ ਕਤਲਾਂ ਦੀ ਦਾਸਤਾਨ" ਨਾਂ ਦੀ ਰਿਪੋਰਟ ਛਾਪੀ ਸੀ। ਇਸ ਰਿਪੋਰਟ ਵਿੱਚ ਅਸੀਂ ਕੈਨੇਡਾ ਵਿੱਚ 1973 ਤੋਂ ਲੈ ਕੇ 2007 ਤੱਕ ਕਤਲ ਹੋਈਆਂ ਪੰਜਾਬੀ ਔਰਤਾਂ ਦੀ ਸੂਚੀ ਅਤੇ ਉਹਨਾਂ ਦੇ ਕੇਸਾਂ ਬਾਰੇ ਸੰਖੇਪ ਵੇਰਵਾ ਛਾਪਿਆ ਸੀ। ਇਹ ਲੇਖ ਛਪਣ ਬਾਅਦ ਪੰਜਾਬ ਤੋਂ ਕੈਨੇਡਾ ਸੈਰ ਸਪਾਟੇ ਲਈ ਆਏ ਇਕ ਲੇਖਕ ਦੋਸਤ ਨੇ ਇਸ ਰਿਪੋਰਟ ਬਾਰੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਪੰਜਾਬੀ ਔਰਤਾਂ ਵਿਰੁੱਧ ਹਿੰਸਾਂ ਦਾ ਇਹ ਵਰਤਾਰਾ ਹਿੰਦੁਸਤਾਨ ਤੋਂ ਬਾਹਰ ਵਸੇ ਪੰਜਾਬੀ ਸਮਾਜਾਂ ਵਿੱਚ ਹੀ ਵਾਪਰਦਾ ਹੈ ਅਤੇ ਪੰਜਾਬ ਵਿੱਚ ਇਹ ਸਮੱਸਿਆ ਨਹੀਂ ਹੈ। ਉਸ ਦੋਸਤ ਨੂੰ ਜੁਆਬ ਦਿੰਦਿਆਂ ਮੈਂ ਕਿਹਾ ਸੀ ਕਿ ਉਸ ਦੀ ਧਾਰਨਾ ਸੱਚ ਨਹੀਂ। ਔਰਤਾਂ ਵਿਰੁੱਧ ਹਿੰਸਾ ਦਾ ਵਰਤਾਰਾ ਮਰਦ ਪ੍ਰਧਾਨ ਸਮਾਜ ਦਾ ਇਕ ਲੱਛਣ ਹੈ ਅਤੇ ਇਹ ਪੰਜਾਬ ਵਿੱਚ ਵੀ ਉਸ ਹੀ ਤਰ੍ਹਾਂ ਵਾਪਰ ਰਿਹਾ ਹੈ ਜਿਸ ਤਰ੍ਹਾਂ ਇਹ ਕੈਨੇਡਾ ਜਾਂ ਹੋਰ ਦੇਸ਼ਾਂ ਵਿੱਚ ਵਾਪਰਦਾ ਹੈ। ਇਸ ਦੇ ਨਾਲ ਹੀ ਮੈਂ ਕਿਹਾ ਸੀ ਕਿ ਹੋ ਸਕਦਾ ਹੈ ਕਿ ਅਸੀਂ ਪੰਜਾਬ ਵਿੱਚ ਅਜੇ ਇਸ ਵਰਤਾਰੇ ਨੂੰ ਰਿਕਾਰਡ ਕਰਨ ਜਾਂ ਇਸ ਨੂੰ ਸੁਚੇਤ ਹੋ ਕੇ ਦੇਖਣ ਨਹੀਂ ਲੱਗੇ, ਇਸ ਲਈ ਸਾਨੂੰ ਇਹ ਪ੍ਰਤੱਖ ਰੂਪ ਵਿੱਚ ਦਿਖਾਈ ਨਹੀਂ ਦੇ ਰਿਹਾ। ਪਰ ਉਹ ਦੋਸਤ ਮੇਰੇ ਨਾਲ ਸਹਿਮਤ ਨਹੀਂ ਸੀ ਹੋਇਆ ਅਤੇ ਆਪਣੀ ਇਸ ਧਾਰਨਾ ਉੱਤੇ ਕਾਇਮ ਰਿਹਾ ਸੀ ਕਿ ਔਰਤਾਂ ਵ੍ਰਿਰੁੱਧ ਹਿੰਸਾ ਦਾ ਵਰਤਾਰਾ ਸਿਰਫ ਹਿੰਦੁਸਤਾਨ ਤੋਂ ਬਾਹਰ ਵਸਦੇ ਪੰਜਾਬੀ ਸਮਾਜਾਂ ਵਿੱਚ ਹੀ ਵਾਪਰਦਾ ਹੈ ਅਤੇ ਪੰਜਾਬ ਵਿੱਚ ਨਹੀਂ ਵਾਪਰਦਾ। ਬਾਅਦ ਵਿੱਚ ਕੁਝ ਹੋਰ ਲੋਕਾਂ ਨਾਲ ਗੱਲਬਾਤ ਕਰਨ ਬਾਅਦ ਮੇਰੀ ਇਹ ਰਾਇ ਬਣੀ ਸੀ ਕਿ ਇਹ ਧਾਰਨਾ ਇਕੱਲੇ ਉਸ ਦੋਸਤ ਦੀ ਹੀ ਨਹੀਂ ਹੈ ਸਗੋਂ ਹੋਰ ਬਹੁਤ ਸਾਰੇ ਪੰਜਾਬੀ ਲੋਕ ਵੀ ਇਸ ਧਾਰਨਾ ਉੱਤੇ ਵਿਸ਼ਵਾਸ ਕਰਦੇ ਹਨ।

ਕੁਝ ਮਹੀਨੇ ਪਹਿਲਾਂ ਪੰਜਾਬ ਦੇ ਔਰਤਾਂ ਦੇ ਕਮਿਸ਼ਨ ਵਲੋਂ ਪੰਜਾਬ ਵਿੱਚ ਔਰਤਾਂ ਵਿਰੁੱਧ ਜੁਰਮਾਂ ਦੀ ਇਕ ਰਿਪੋਰਟ ਜਾਰੀ ਕੀਤੀ ਗਈ ਹੈ। ਇਸ ਰਿਪੋਰਟ ਦੇ ਅੰਕੜੇ ਉਪਰਲੀ ਧਾਰਨਾ ਨੂੰ ਰੱਦ ਕਰਦੀ ਹੈ। ਰਿਪੋਰਟ ਦੇ ਅੰਕੜਿਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਵਿੱਚ ਔਰਤਾਂ ਬਹੁਤ ਵੱਡੀ ਪੱਧਰ ਉੱਤੇ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਇਸ ਰਿਪੋਰਟ ਅਨੁਸਾਰ ਸੰਨ 2007 ਵਿੱਚ ਪੰਜਾਬ ਵਿੱਚ ਦਾਜ ਕਾਰਨ 130 ਔਰਤਾਂ ਮਾਰੀਆਂ ਗਈਆਂ ਸਨ। ਸੰਨ 2008 ਦੇ ਜੁਲਾਈ ਮਹੀਨੇ ਤੱਕ ਦਾਜ ਕਾਰਨ ਮਾਰੀਆਂ ਜਾਣ ਵਾਲੀਆਂ ਔਰਤਾਂ ਦੀ ਗਿਣਤੀ 75 ਤੋਂ ਵੱਧ ਗਈ ਸੀ। ਜੇ ਬਾਕੀ ਦੇ ਸਾਲ ਦੌਰਾਨ ਇਹ ਹੀ ਰੁਝਾਣ ਰਿਹਾ ਤਾਂ ਇਸ ਤਰ੍ਹਾਂ ਦਾ ਖਦਸ਼ਾ ਪ੍ਰਗਟ ਕੀਤਾ ਜਾ ਸਕਦਾ ਹੈ ਕਿ ਸੰਨ 2008 ਵਿੱਚ ਦਾਜ ਕਾਰਨ ਮਾਰੀਆਂ ਜਾਣ ਵਾਲੀਆਂ ਔਰਤਾਂ ਦੀ ਗਿਣਤੀ ਸੰਨ 2007 ਦੇ ਬਰਾਬਰ ਪਹੁੰਚ ਜਾਏਗੀ, ਸ਼ਾਇਦ ਉਸ ਤੋਂ ਵਧ ਹੀ ਜਾਵੇ। ਇਸ ਰਿਪੋਰਟ ਵਿੱਚ ਔਰਤਾਂ ਵਿਰੁੱਧ ਵਾਪਰਦੀ ਹਿੰਸਾ ਦੇ ਦਿੱਤੇ ਕੁਝ ਅੰਕੜੇ ਇਸ ਪ੍ਰਕਾਰ ਹਨ:

* ਪੰਜਾਬ ਵਿੱਚ ਹਰ ਰੋਜ਼ ਘੱਟੋ ਘੱਟ 1 ਔਰਤ ਨਾਲ ਬਲਾਤਕਾਰ ਹੁੰਦਾ ਹੈ ਅਤੇ ਘੱਟੋ ਘੱਟ ਦੋ ਔਰਤਾਂ ਅਗਵਾ ਕੀਤੀਆਂ ਜਾਂਦੀਆਂ ਹਨ। ਹਰ ਰੋਜ਼ ਘੱਟੋ ਘੱਟ ਇਕ ਔਰਤ ਨਾਲ ਛੇੜਛਾੜ ਕੀਤੇ ਜਾਣ ਦਾ ਕੇਸ ਰਜਿਸਟਰ ਹੁੰਦਾ ਹੈ।
* ਹਰ ਮਹੀਨੇ ਘੱਟੋ ਘੱਟ 12 ਔਰਤਾਂ ਆਤਮਹੱਤਿਆ ਕਰਦੀਆਂ ਹਨ ਅਤੇ ਏਨੀਆਂ ਕੁ ਔਰਤਾਂ ਦਾਜ ਕਾਰਨ ਕਤਲ ਕਰ ਦਿੱਤੀਆਂ ਜਾਂਦੀਆਂ ਹਨ।
* ਸੰਨ 2007 ਵਿੱਚ ਔਰਤਾਂ ਨੂੰ ਅਗਵਾ ਕੀਤੇ ਜਾਣ ਦੇ 600 ਕੇਸ ਰਜਿਸਟਰ ਕੀਤੇ ਗਏ ਸਨ।
* ਸੰਨ 2007 ਵਿੱਚ ਪੰਜਾਬ ਵਿੱਚ 140 ਔਰਤਾਂ ਦੇ ਕਤਲ ਹੋਏ ਸਨ। ਸੰਨ 2008 ਵਿੱਚ 31 ਜੁਲਾਈ ਤੱਕ ਪੰਜਾਬ ਵਿੱਚ ਉਸ ਸਾਲ ਕਤਲ ਹੋਈਆਂ ਔਰਤਾਂ ਦੀ ਗਿਣਤੀ 85 ਹੋ ਗਈ ਸੀ।
* ਸੰਨ 2007 ਵਿੱਚ ਪੰਜਾਬ ਵਿੱਚ 430 ਤੋਂ ਵੱਧ ਔਰਤਾਂ ਬਲਾਤਕਾਰ ਦਾ ਸ਼ਿਕਾਰ ਹੋਈਆਂ। ਸੰਨ 2008 ਵਿੱਚ 31 ਜੁਲਾਈ ਤੱਕ ਪੰਜਾਬ ਵਿੱਚ ਬਲਾਤਕਾਰ ਦਾ ਸ਼ਿਕਾਰ ਹੋਣ ਵਾਲੀਆਂ ਔਰਤਾਂ ਦੀ ਗਿਣਤੀ 225 ਤੱਕ ਪਹੁੰਚ ਗਈ ਸੀ।

* ਸੰਨ 2007 ਵਿੱਚ 158 ਔਰਤਾਂ ਨੇ ਆਤਮ-ਹੱਤਿਆਵਾਂ ਕੀਤੀਆਂ ਸਨ। ਸੰਨ 2008 ਵਿੱਚ 31 ਜੁਲਾਈ ਤੱਕ ਪੰਜਾਬ ਵਿੱਚ ਆਤਮ-ਹੱਤਿਆਵਾਂ ਕਰਨ ਵਾਲੀਆਂ ਔਰਤਾਂ ਦੀ ਗਿਣਤੀ 90 ਤੱਕ ਪਹੁੰਚ ਗਈ ਸੀ।

ਉੱਪਰ ਦੱਸੇ ਅੰਕੜੇ ਜੋ ਤਸਵੀਰ ਪੇਸ਼ ਕਰਦੇ ਹਨ, ਉਸ ਤੋਂ ਸਾਫ ਹੈ ਕਿ ਪੰਜਾਬ ਵਿੱਚ ਔਰਤਾਂ ਵਿਰੁੱਧ ਹਿੰਸਾ ਇਕ ਵੱਡਾ ਵਰਤਾਰਾ ਹੈ। ਬੇਸ਼ੱਕ ਇਹ ਸੱਚ ਹੈ ਕਿ ਉਪਰਲੇ ਬਹੁਤੇ ਅੰਕੜੇ ਪੰਜਾਬ ਵਿੱਚ ਔਰਤਾਂ ਵਿਰੁੱਧ ਹੁੰਦੀ ਸਮੁੱਚੀ ਹਿੰਸਾ ਦੇ ਅੰਕੜੇ ਹਨ, ਔਰਤਾਂ ਵਿਰੁੱਧ ਪਰਿਵਾਰਾਂ ਵਿੱਚ ਹੁੰਦੀ ਹਿੰਸਾ ਨਾਲ ਸੰਬੰਧਤ ਅੰਕੜੇ ਨਹੀਂ। ਪਰ ਦਾਜ ਕਾਰਨ ਕਤਲ ਹੁੰਦੀਆਂ ਔਰਤਾਂ ਦੇ ਅੰਕੜੇ ਸਿੱਧੇ ਰੂਪ ਵਿੱਚ ਔਰਤਾਂ ਨਾਲ ਪਰਿਵਾਰਾਂ ਵਿੱਚ ਹੁੰਦੀ ਹਿੰਸਾ ਵਲ ਸੰਕੇਤ ਕਰਦੇ ਹਨ। ਇਸ ਦੇ ਨਾਲ ਹੀ ਪੰਜਾਬ ਵਿੱਚ ਵੱਡੀ ਪੱਧਰ ਉੱਤੇ ਵਾਪਰ ਰਹੀ ਕੁੜੀਆਂ ਦੇ ਭਰੂਣਾਂ ਦੀ ਹੱਤਿਆ ਇਸ ਗੱਲ ਦਾ ਬਹੁਤ ਵੱਡਾ ਸਬੂਤ ਹੈ ਕਿ ਪੰਜਾਬੀ ਸਮਾਜ ਵਿੱਚ ਔਰਤਾਂ ਵਿਰੁੱਧ ਪਰਿਵਾਰਕ ਹਿੰਸਾ ਇਕ ਵੱਡੀ ਸਮੱਸਿਆ ਹੈ।

ਇਸ ਲਈ ਸਾਨੂੰ ਇਸ ਸਮੇਂ ਇਹ ਬਹਿਸ ਕਰਨ ਦੀ ਲੋੜ ਨਹੀਂ ਕਿ ਪੰਜਾਬੀ ਸਮਾਜ ਵਿੱਚ ਔਰਤਾਂ ਵਿਰੁੱਧ ਪਰਿਵਾਰਕ ਹਿੰਸਾ ਹੁੰਦੀ ਹੈ ਜਾਂ ਨਹੀਂ ਜਾਂ ਪੰਜਾਬ ਦੇ ਮੁਕਾਬਲੇ ਹਿੰਦੁਸਤਾਨ ਤੋਂ ਬਾਹਰ ਵਸਦੇ ਪੰਜਾਬੀ ਸਮਾਜਾਂ ਵਿੱਚ ਇਹ ਹਿੰਸਾ ਜ਼ਿਆਦਾ ਹੁੰਦੀ ਹੈ ਜਾਂ ਘੱਟ। ਇਹ ਗੱਲ ਸਾਨੂੰ ਸਵੀਕਾਰ ਕਰ ਲੈਣੀ ਚਾਹੀਦੀ ਹੈ ਕਿ ਪੰਜਾਬੀ ਸਮਾਜ ਵਿੱਚ ਔਰਤਾਂ ਵਿਰੁੱਧ ਹੁੰਦੀ ਪਰਿਵਾਰਕ ਹਿੰਸਾ ਇਕ ਵੱਡੀ ਸਮੱਸਿਆ ਹੈ। ਇਸ ਸਮੱਸਿਆ ਬਾਰੇ ਬਹਿਸ ਜਾਂ ਵਿਚਾਰ ਕਰਨ ਵਾਲਾ ਜੋ ਮੁੱਦਾ ਹੈ, ਉਹ ਇਹ ਹੈ ਕਿ ਪੰਜਾਬੀ ਸਮਾਜ ਵਿੱਚੋਂ ਇਸ ਸਮੱਸਿਆ ਨੂੰ ਖਤਮ ਕਿਵੇਂ ਕੀਤਾ ਜਾਵੇ।